بسم اللہ الرحمٰن الرحیم

# ਖ਼ੁਲਾਸਾ ਖ਼ੁਤਬਾ ਜੁਮੱਾ 29.08.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਅਸੀਂ ਖ਼ੁਸ਼ਕਿਸਮਤ ਹਾਂ ਕਿ ਸਾਨੂੰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਰਾਹੀਂ ਪੈਰ੍ਹ ਪੈਰ੍ਹ ਤੇ ਰਹਿਨੁਮਾਈ ਮਿਲ ਜਾਂਦੀ ਹੈ । ਇਸਲਾਮ ਦੀ ਸਚਾਈ ਤੇ ਤਕਵਾ (ਸੰਜਮਤਾ) ਦਾ ਪਤਾ ਲੱਗ ਜਾਂਦਾ ਹੈ । ਉਹਨਾ ਵਿਖੱਰੇ ਹੋਏ ਮੁਸਲਮਾਨਾ ਵਾਂਗ ਨਹੀਂ ਜਿੰਨ੍ਹਾ ਨੂੰ ਪਤਾ ਹੀ ਨਹੀਂ ਲਗਦਾ ਕਿ ਕਿਸਦੇ ਪਿੱਛੇ ਚਲੱਣ ਅਤੇ ਕਿਸਦੇ ਪਿੱਛੇ ਨ ਚਲੱਣ । ਜਿੰਨ੍ਹਾ ਦਾ ਗ਼ਲਤ ਮਾਰਗ ਦਰਸ਼ਨ ਕਰਕੇ ਨਾਮ ਨਿਹਾਦ ਲੀਡਰਾਂ ਅਤੇ ਧਾਰਮਕ ਰਹਿਨੁਮਾਵਾਂ ਨੇ ਇਕ ਦੂਜੇ ਦਾ ਰਕਤ ਵਹਾਉਣ ਉਪੱਰ ਲਾ ਦਿੱਤਾ ਹੋਇਆ ਹੈ ।**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁੱਮੇ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 29 ਅਗਸਤ 2014 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਇੰਸ਼ਾਅਲੱਾਹ ਤਆਲਾ ਸ਼ਾਮ ਤੋਂ ਅਹਮਦੀਆ ਮੁਸਲਿਮ ਜਮਾਤ ਬਰਤਾਨੀਆ ਦਾ ਸਾਲਾਨਾ ਜਲਸਾ ਆਪਣੇ ਨਿਰਧਾਰਤ ਸਮੇਂ 'ਤੇ ਅਰੰਭ ਹੋਵੇਗਾ । ਇਹ ਜੁਮੱਾ ਵੀ ਜਲਸੇ ਦਾ ਇਕ ਭਾਗ ਹੈ । ਜਿਵੇਂ ਕਿ ਮੈਂ ਪਿਛਲੇ ਜੁੱਮੇ ਵਿੱਚ ਕਿਹਾ ਸੀ ਕਿ ਸਾਲਾਨਾ ਜਲਸੇ ਉਪੱਰ ਆਉਣ ਵਾਲੇ ਮਹਿਮਾਨ ਇਕ ਨੇਕ ਮੰਤਵ ਲੈਕੇ ਆਉਂਦੇ ਹਨ ਅਤੇ ਉਹ ਨੇਕ ਮੰਤਵ ਇਹ ਹੈ ਕਿ ਧਰਕ ਦੀ ਵਾਸਤਵਿਕਤਾ ਬਾਰੇ ਗਿਆਨ ਪ੍ਰਾਪਤ ਕਰਨ । ਧਰਮ ਸਿਖੱਣ ਤੇ ਰੂਹਾਨੀਯਤ ਵਿੱਚ ਤਰੱਕੀ ਕਰਨ ਨੇ ਜਤਨ ਕਰਨ । ਚੰਗੇ ਵਾਤਾਵਰਨ ਦੇ ਪ੍ਰਭਾਵ ਹੇਠ ਆਪਣੇ ਸੁਭਾਵ ਵਿੱਚ ਪਹਿਲਾਂ ਤੋਂ ਵੱਧ ਚੰਗੇ ਗੁਣ ਪੈਦਾ ਕਰਨ ਦੇ ਜਤਨ ਕਰਨ । ਧਰਮ ਨੂੰ ਦੁਨੀਆ ਉਪੱਰ ਪਹਿਲ ਦੇਣ ਦਾ ਜੋ ਅਸੀਂ ਪ੍ਰਣ ਕੀਤਾ ਹੋਇਆ ਹੈ ਉਸ ਨੂੰ ਪੂਰਾ ਕਰਨ ਦੇ ਉਰੱਤਮ ਮਾਰਗਾਂ ਨੂੰ ਚਿੰਨ੍ਹਿਤ ਕਰਕੇ ਗਿਆਨ ਪ੍ਰਾਪਤ ਕਰਕੇ ਫਿਰ ਉਨ੍ਹਾ ਉਪੱਰ ਚਲੱਣ ਦਾ ਜਤਨ ਕਰੀਏ । ਹਕੂਕੁਲ ਇਬਾਦ (ਬੰਦਿਆਂ ਦੇ ਹੱਕ) ਪੂਰੇ ਰਕਨ ਵੱਲ ਪਹਿਲਾਂ ਤੋਂ ਵੱਧ ਕੇ ਧਿਆਨ ਦੇਣ । ਆਪਣੇ ਮੁੱਖਾਂ ਨੂੰ ਇਲਾਹੀ ਸਿਮਰਣ ਨਾਲ ਲੀਨ ਕਰਨ ਤੇ ਲੀਨ ਰੱਖਣ ਦਾ ਜਤਨ ਕਰਨ । ਜੇਕਰ ਪਹਿਲਾਂ ਤੋਂ ਹੀ ਉਸ'ਤੇ ਚਲ ਰਹੇ ਹਨ ਤਾਂ ਪਹਿਲਾਂ ਤੋਂ ਵੱਧਕੇ ਉਸ ਲਈ ਜਤਨ ਕਰਨ । ਇਬਾਦਤ ਵੱਲ ਵੱਧੇਰੇ ਧਿਆਨ ਦੇਣ ਅਤੇ ਉਹਨਾਂ ਨੂੰ ਉਸ ਮਿਆਰ ਉਪੱਰ ਲਿਆਉਣ ਦਾ ਜਤਨ ਕਰਨ ਜੋ ਅਲੱਾਹ ਤਆਲਾ ਅਤੇ ਉਸਦੇ ਰਸੂਲ ਸਾਥੋਂ ਚਾਹੁੰਦੇ ਹਨ । ਉਹ ਮਿਆਰ ਇਹ ਹੈ ਜੋ ਅਲੱਾਹ ਤਆਲਾ ਨੇ ਕੁਰਆਨ ਕਰੀਮ ਵਿੱਚ ਵਰਨਣ ਕੀਤਾ ਹੈ ਕਿ ਮੈਂ ਜਿੰਨ ਵ ਇੰਸ (ਜੀਵ ਜੰਤੂ ਤੇ ਮਨੁੱਖ) ਦੀ ਪੈਦਾਇਸ਼ ਦਾ ਉਦੇਸ਼ ਇਬਾਦਤ ਕਰਾਰ ਦਿੱਤਾ ਹੈ । ਫ਼ਰਮਾਉਂਦਾ ਹੈ ਕਿ : (وَمَا خَلَقْتُ الْجِنَّ وَالْإِنْسَ إِلَّا لِيَعْبُدُونِ الذاريات 57) ਵਮਾ ਖ਼ਲਕਤੁਲ ਜਿੰਨਾ ਵਲ ਇੰਸਾ ਇਲੱਾ ਲਿਯਾਬੁਦੂਨ । ਅਰਥਾਤ ਮੈਂ ਜੀਵ ਜੰਤੂਆਂ ਤੇ ਮਨੁੱਖਾਂ ਨੂੰ ਆਪਣੀ ਇਬਾਦਤ ਲਈ ਪੈਦਾ ਕੀਤਾ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦਾ ਹਨ ਕਿ ਇਸ ਆਇਤ ਅਨੁਸਾਰ ਮਨੁੱਖ ਦਾ ਮੂਲਮੁੱਦਾ ਰੱਬ ਦੀ ਪ੍ਰਸਤਿਸ਼ ਅਤੇ ਰੱਬ ਦੀ ਮਾਅਰਫ਼ਤ ਅਤੇ ਰੱਬ ਲਈ ਹੋ ਜਾਣਾ ਹੈ । ਭਾਵ ਇਹ ਕਿ ਜਲਸਾ ਸਾਲਾਨਾ ਵਿੱਚ ਭਾਗ ਲੈਣ ਵਾਲੇ ਹਰ ਇਕ ਮਨੁੱਖ ਦਾ ਇਹ ਕੰਮ ਹੋਣਾ ਚਾਹੀਦਾ ਹੈ ਕਿ ਆਪਣੀ ਇਸ ਯਾਤਰਾ ਨੂੰ ਅਤੇ ਏਧਰ ਆਉਂਣ ਦੇ ਮੰਤਵ ਨੂੰ ਨਿਰੋਲ ਇਲਾਹੀ ਯਾਤਰਾ ਅਤੇ ਰੱਬ ਦੀ ਰਜ਼ਾ ਪ੍ਰਾਪਤ ਕਰਨ ਦਾ ਉਦੇਸ਼ ਬਣਾਇਆ ਜਾਵੇ । ਜੇਕਰ ਇਹ ਨਹੀਂ ਤਾਂ ਜਲਸਾ ਸਾਲਾਨਾ ਵਿੱਚ ਕਸ਼ਟ ਝੱਲਕੇ ਅਤੇ ਖਰਚਾ ਕਰਕੇ ਆਉਂਣ ਵਾਲੇ ਇਸ ਜਲਸੇ ਦੇ ਮੰਤਵਾਂ ਨੂੰ ਪੂਰਾ ਕਰਨ ਵਾਲੇ ਨਹੀਂ ਹੋਣਗੇ । ਸੋ, ਇਹ ਜਲਸਾ ਸਾਲਾਨਾ ਵਿੱਚ ਭਾਗ ਲੈਣ ਵਾਲਿਆਂ ਦੀ ਬਹੁਤ ਵੱਡੀ ਜ਼ਿੰਮੇਦਾਰੀ ਹੈ, ਇਸ ਜ਼ਿੰਮੇਦਾਰੀ ਨੂੰ ਪੂਰਾ ਕਰਨਾ ਹੀ ਉਹਨਾਂ ਦੀ ਮਹਤੱਾ ਨੂੰ ਵਧਾਉਂਦਾ ਹੈ । ਇਸੇ ਲਈ ਹੀ ਉਹਨਾਂ ਸੇਵਕਾਂ (ਵਰਕਰਾਂ) ਦੀ ਵੀ ਮਹੱਤਾ ਹੈ ਕਿ ਜਿਵੇਂ ਕਿ ਮੈਂ ਪਿਛਲੇ ਖ਼ੁਤਬੇ ਵਿੱਚ ਵਰਨਣ ਕੀਤਾ ਸੀ, ਜੋ

ਇਸ ਨੇਕ ਕੰਮ ਕਰਨ ਲਈ ਆਉਂਣ ਵਾਲੇ ਮਹਿਮਾਨਾ ਦੀ ਸੇਵਾ ਲਈ ਆਪਣੇ ਆਪ ਨੂੰ ਪੇਸ਼ ਕਰਦੇ ਹਨ । ਸਗੋਂ ਸੇਵਕਾਂ ਦਾ ਪੁੰਨ ਤੇ ਮਹਤੱਾਂ ਇਸ ਪੱਖੋਂ ਦੂਣਾ ਹੋ ਜਾਂਦਾ ਹੈ ਕਿ ਉਹ ਅਜਿਹੇ ਮਹਿਮਾਨਾ ਦੀ ਸੇਵਾ ਵੀ ਕਰ ਰਹੇ ਹਨ ਅਤੇ ਨਾਲ ਹੀ ਪ੍ਰੋਗ੍ਰਾਮਾ ਨੂੰ ਸੁਣ ਕੇ ਇਸ ਜਲਸੇ ਦੇ ਵਾਤਾਵਰਣ ਵਿੱਚ ਸ਼ਾਮਲ ਹੋਕੇ ਆਪਣੇ ਕਰਮ ਰੂਪੀ ਜੀਵਨ ਤੇ ਆਸਥਾ ਵਿੱਚ ਵਾਧਾ ਕਰਨ ਦੇ ਸਾਧਨ ਵੀ ਜੁਟਾ ਰਹੇ ਹਨ । ਇਸ ਲਈ ਇਸ ਗੱਲ ਨੂੰ ਮਹਿਮਾਨ ਵੀ ਅਤੇ ਮੇਜ਼ਬਾਨ ਸੇਵਕ ਵੀ ਡਿਊਟੀ ਵਾਲੇ ਵੀ ਚੇਤੇ ਰੱਖਣ ਕਿ ਇਹ ਤਿੰਨ ਦਿਨ ਉਹਨਾ ਦੇ ਕਰਮ ਰੂਪੀ ਜੀਵਨ ਤੇ ਆਸਥਾ ਦੀ ਟ੍ਰੇਨਿੰਗ ਦਾ ਕੈਂਪ ਹੈ । ਇਸ ਲਈ ਇਸ ਤੋਂ ਭਰਪੂਰ ਲਾਭ ਉਠਾਉਣ ਦਾ ਜਤਨ ਕਰਨ । ਇਸ ਦੀ ਪ੍ਰਾਪਤੀ ਲਈ ਆਪਣੀਆਂ ਸਾਰੀਆਂ ਸ਼ਕਤੀਆਂ ਤੇ ਧਿਆਨ ਨਾਲ ਇਸ ਵਿੱਚ ਭਾਗ ਲੈਣ । ਹਮੇਸ਼ਾ ਆਪਣੇ ਸਾਹਮਣੇ ਉਹ ਉਦੇਸ਼ ਰਖੱਣੇ ਹਨ ਅਤੇ ਰੱਖਣੇ ਚਾਹੀਦੇ ਹਨ ਜੋ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਜਲਸੇ ਦੇ ਵਰਨਣ ਕੀਤੇ ਹਨ । ਆਪਦਾ ਇਸ ਜਲਸੇ ਦਾ ਮੰਤਵ ਤੇ ਉਦੇਸ਼ ਆਪਣੇ ਮੰਨ੍ਹਣ ਵਾਲਿਆਂ ਲਈ ਇਕ ਰੂਹਾਨੀ ਵਾਤਾਵਰਣ ਵਿੱਚ ਰਖੱਕੇ ਇਕ ਅਜਿਹੀ ਉਧਾਰਣ ਬਣਾਉਣ ਦਾ ਸੀ ਜੋ ਦੁਨੀਆ ਲਈ ਅਨੁਸਰਣ (ਪੈਰ੍ਹਵੀ) ਯੋਗ ਹੋਵੇ ਜਿਸ ਦੇ ਪਿੱਛੇ ਦੁਨੀਆ ਚੱਲੇ । ਆਪ ਜੀ ਨੇ ਫ਼ਰਮਾਇਆ, ਮੇਰੇ ਮਨ੍ਹਣ ਵਾਲਿਆਂ ਦੇ ਦਿਲ ਆਖ਼ਰਤ ਵੱਲ ਪੂਰਨਤਾ ਝੁੱਕ ਜਾਣ ਅਰਥਾਤ ਉਹਨਾਂ ਨੂੰ ਹਰ ਸਮੇਂ ਆਖ਼ਰਤ (ਪਰਲੈ, ਅੰਤ) ਦੀ ਚਿੰਤਾ ਹੋਵੇ । ਇਹ ਕੋਈ ਸਾਧਾਰਣ ਕੰਮ ਨਹੀਂ ਹੈ । ਮਨੁੱਖ ਆਪਣੇ ਜਤਨਾ ਰਾਹੀਂ ਇਹ ਅਸਥਾਨ ਹਾਸਲ ਨਹੀਂ ਕਰ ਸਕਦਾ । ਹਾਂ, ਉਸ ਲਈ ਜਿਸ ਹੱਦ ਤੱਕ ਅਮਲੀ ਜਤਨ ਹੋ ਸਕਦੇ ਹਨ ਕਰਕੇ ਫਿਰ ਦੁਆਵਾਂ ਵਿੱਚ ਵੀ ਲਗ ਜਾਵੇ ਕਿ ਹੇ, ਅਲੱਾਹ ! ਦੁਨੀਆ ਦੇ ਮਸਲੇ ਅਤੇ ਰੁਕਾਵਟਾਂ ਪੈਰ੍ਹ ਪੈਰ੍ਹ ’ਤੇ ਮੇਰੇ ਮਾਰਗ ਵਿੱਚ ਰੁਕਾਵਟਾਂ ਹਨ ਤੂੰ ਆਪਣੀ ਮਿਹਰ ਨਾਲ ਮੈਂਨੂੰ ਇਸ ਮਾਰਗ ਉਪੱਰ ਚਲਾ, ਜੋ ਤੇਰੀ ਰਜ਼ਾ ਦਾ ਮਾਰਗ ਹੈ । ਮੇਰੇ ਦਿਲ ਵਿੱਚ ਆਪਣਾ ਅਜਿਹਾ ਖ਼ੌਫ਼ ਭਰਦੇ ਜੋ ਇਕ ਪਿਆਰੇ ਅਤੇ ਆਪਣੇ ਮਹਬੂਬ ਲਈ ਹੁੰਦਾ ਹੈ । ਕਿਸੇ ਜ਼ੁਲਮ ਦੇ ਸਬਬ ਖ਼ੌਫ਼ ਨਹੀਂ ਹੁੰਦਾ ਸਗੋਂ ਮੁਹਬੱਤ ਦੇ ਸਬਬ ਨਾਲ ਹੁੰਦਾ ਹੈ । ਕਿਤੇ ਕੋਈ ਮੇਰਾ ਅਮਲ ਤੇਰੀ ਨਰਾਜ਼ਗੀ ਦਾ ਸਬਬ ਨ ਬਣ ਜਾਵੇ । ਮੇਰਾ ਹਰ ਇਕ ਕਦਮ ਉਹਨਾਂ ਨੇਕੀਆਂ ਵੱਲ ਉੱਠੇ ਜਿੰਨ੍ਹਾ ਦੇ ਕਰਨ ਦਾ ਤੂੰ ਹੁਕੁਮ ਦਿੱਤਾ ਹੋਇਆ ਹੈ । ਤਕਵਾ (ਸੰਜਮਤਾ ਦੇ ਮਾਰਗਾਂ) ਉਪੱਰ ਚਲਦਿਆਂ ਹੋਇਆ ਹਕੂਕੁਲ ਇਬਾਦ (ਬੰਦਿਆਂ ਦੇ ਹੱਕ) ਵੀ ਪੂਰੇ ਕਰਨ ਵਾਲਾ ਬਣਾ ਅਤੇ ਹਕੂਕੁਲੱਾਹ (ਰੱਬ ਦੇ ਹੱਕ) ਦੀ ਪੂਰਨਤਾ ਵੱਲ ਵੀ ਹਰ ਸਮੇਂ ਮੇਰਾ ਧਿਆਨ ਬਣਿਆ ਰਹੇ ਅਤੇ ਮੈਂ ਉਸ ਚੀਜ਼ ਨੂੰ ਪ੍ਰਾਪਤ ਕਰਨ ਵਾਲਾ ਬਣ ਜਾਵਾਂ ਜੋ ਤੂੰ ਮੇਰੇ ਜੀਵਨ ਦਾ ਉਦੇਸ਼ ਨਿਰਧਾਰਤ ਕੀਤਾ ਹੈ । ਅਰਥਾਤ ਇਬਾਦਤ, ਅਤੇ ਬੰਦਗੀ ਦਾ ਉਹ ਮਿਆਰ ਪ੍ਰਾਪਤ ਕਰਨ ਵਾਲਾ ਬਣ ਜਾਵਾਂ ਜੋ ਤੂੰ ਆਪਣੇ ਬੰਦਿਆਂ ਤੋਂ ਚਾਹੁੰਦਾ ਹੈਂ । ਉੱਚ ਆਜਰਣ ਵਿੱਚ ਵੀ ਇਕ ਅਜਿਹੀ ਉਤੱਮ ਉਧਾਰਣ ਬਣ ਜਾਵਾਂ ਜਿਸਦੀ ਪੈਰ੍ਹਵੀ ਕਰਨਾ ਲੋਕ ਫ਼ਖ਼ਰ ਸਮਝਣ । ਸੋ, ਇਸ ਜਲਸੇ ਵਿੱਚ ਭਾਗ ਲੈਕੇ ਆਪਣੀਆਂ ਦੁਆਵਾਂ ਤੇ ਸੋਚਾਂ ਦੇ ਇਹ ਧਾਰੇ ਬਣਾਉਣ ਦੀ ਲੋੜ ਹੈ । ਅਲੱਾਹ ਤਆਲਾ ਦਾ ਸਾਡੇ ਉਪੱਰ ਇਹ ਬਹੁਤ ਵਡੱਾ ਉਪਕਾਰ ਹੈ ਕਿ ਜਿੱਥੇ ਉਸਨੇ ਕੁਰਆਨ ਕਰੀਮ ਵਿੱਚ ਸਾਨੂੰ ਇਬਾਦਤਾਂ ਦੇ ਢੰਗ ਸਿਖਾਏ, ਉਸਦੇ ਮਿਆਰ ਹਾਸਲ ਕਰਨ ਦੇ ਮਾਰਗ ਦਿਖਾਏ, ਓਥੇ ਉੱਚੇ ਆਚਰਣ ਜਿੰਨ੍ਹਾ ਦੇ ਸੰਬੰਧ ਹਕੂਕੁਲ ਇਬਾਦ (ਬੰਦਿਆਂ ਦੇ ਹੱਕ) ਨਾਲ ਹੈ ਉਹਨਾਂ ਨੂੰ ਚਿੰਨ੍ਹਿਤ ਕੀਤਾ । ਆਲਾ ਆਚਰਣ ਦਾ ਹਾਸਲ ਕਰਨਾ ਅਤੇ ਉਸ ਦਾ ਦਿਖਾਵਾ ਕਰਨਾ ਵੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਸ ਜਲਸੇ ਵਿੱਚ ਭਾਗ ਲੈਣ ਵਾਲਿਆਂ ਲਈ ਜ਼ਰੂਰੀ ਕਰਾਰ ਦਿੱਤਾ ਹੈ । ਆਪ ਜੀ ਨੇ ਇਸ ਮਾਪਦੰਡ ਨੂੰ ਇਕ ਥਾਂ ਇਉਂ ਵਰਨਣ ਕੀਤਾ ਹੈ ਕਿ ਮੈਂ ਸੱਚ ਸੱਚ ਕਹਿੰਦਾ ਹਾਂ ਕਿ ਮਨੁੱਖ ਦਾ ਈਮਾਨ (ਆਸਥਾ) ਕਦੇ ਵੀ ਠੀਕ ਨਹੀਂ ਹੋ ਸਕਦਾ ਜੱਦ ਤੱਕ ਆਪਣੇ ਆਰਾਮ’ਤੇ ਆਪਣੇ ਭਰਾ ਦੇ ਆਰਾਮ ਨੂੰ ਜਿੱਥੋਂ ਤੱਕ ਸੰਭਵ ਹੋ ਸਕੇ ਪਹਿਲ ਨ ਦੇਵੇ । ਇਹ ਕੋਈ ਸਾਧਾਰਣ ਕੰਮ ਨਹੀਂ ਹੈ । ਇਹ ਮਿਆਰ ਪ੍ਰਾਪਤ ਕਰਨਾ ਕੋਈ ਸਾਧਾਰਣ ਗੱਲ ਨਹੀਂ ਹੈ, ਅਨੇਕਾਂ ਹੀ ਹਨ ਜੋ ਦੂਜਿਆਂ ਦੇ ਆਰਾਮ ਦਾ ਖਿਆਲ ਰੱਖਦੇ ਹਨ ਪਰ ਆਪਣੇ ਵਸੀਲਿਆਂ ਦੇ ਪੱਖੋਂ ਜੇਕਰ ਆਪਣੇ ਆਰਾਮ ਨੂੰ ਤਿਆਗੇ ਬਿਨਾ ਇਹ ਖ਼ਿਆਲ ਰੱਖ ਸਕਣ ਤਾਂ ਰੱਖਦੇ ਹਨ । ਪਰ ਬਹੁਤ ਘੱਟ ਦੇਖਣ ਵਿੱਚ ਆਉਂਦਾ ਹੈ ਕਿ ਕੋਈ ਆਪਣੇ ਆਰਾਮ ਨੂੰ ਤਿਆਗ ਕੇ ਦੂਜਿਆਂ ਦੇ ਆਰਾਮ ਨੂੰ ਪਹਿਲ ਦੇਵੇ । ਖ਼ੂਨੀ (ਸਕੇ) ਸਾਕਾਂ ਵਿੱਚ ਵੀ ਕਈ ਵਾਰ ਲੋਕ ਅਜਿਹੀ ਕੁਰਬਾਨੀ ਦੇ ਦਿੰਦੇ ਹਨ । ਆਪਣੇ ਆਰਾਮ ਨੂੰ ਕੁਰਬਾਨ ਕਰ ਦਿੰਦੇ ਹਨ ਪਰ ਬਹੁਤ ਘੱਟ ਲੋਕ ਅਜਿਹੇ ਹੁੰਦੇ ਹਨ । ਹਰ ਇਕ ਲਈ ਇਸ ਮਿਆਰ ਦੀ ਕੁਰਬਾਨੀ ਬਹੁਤ ਕਠਿਨ ਹੈ । ਸਗੋਂ ਦੂਜਿਆਂ ਦੇ ਆਰਾਮ ਬਾਰੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਕ ਥਾਂ ਫ਼ਰਮਾਇਆ ਕਿ :

ਦੂਜਿਆਂ ਦੇ ਕਸ਼ਟ ਨੂੰ ਜੱਦ ਤੱਕ ਆਪਣੇ ਕਸ਼ਟ ਵਾਂਗ ਨਹੀਂ ਸਮਝਦੇ ਸੱਚੇ ਮੋਮਨ (ਈਮਾਨ ਵਾਲੇ) ਨਹੀਂ ਬਣ ਸਕਦੇ । ਇਹ ਸ਼ਬਦ ਮੇਰੇ ਹਨ ਭਾਵ ਇਹੋ ਹੈ । ਆਪ ਨੇ ਫ਼ਰਮਾਇਆ ਜੇਕਰ ਮੇਰਾ ਰੋਗੀ ਭਾਈ ਕਸ਼ਟ ਵਿੱਚ ਗ੍ਰਿਸਿਆ ਹੈ ਅਤੇ ਮੈਂ ਆਰਾਮ ਨਾਲ ਸੌਂ ਰਿਹਾ ਹਾਂ ਤਾਂ ਮੇਰੀ ਹਾਲਤ ਉਪੱਰ ਧਿਕੱਾਰ ਹੈ । ਮੇਰਾ ਫ਼ਰਜ਼ ਬਣਦਾ ਹੈ ਕਿ ਜਿੱਥੋਂ ਤੱਕ ਮੇਰਾ ਵੱਸ ਚੱਲੇ ਉਸ ਦੇ ਆਰਾਮ ਦੇ ਸਾਧਨ ਪੈਦਾ ਕਰਨ ਦੇ ਜਤਨ ਕਰਾਂ । ਜੇਕਰ ਕੋਈ ਧਰਮ ਭਾਈ ਆਪਣੇ ਨਫ਼ਸਾਨੀ ਸੋਚ ਕਰਕੇ ਮੇਰੇ ਨਾਲ ਸਖ਼ਤੀ ਵੀ ਕਰੇ ਤਾਂ ਵੀ ਮੇਰੀ ਹਾਲਤ'ਤੇ ਦੁੱਖ ਹੈ ਕਿ ਮੈਂ ਜਾਣਬੁਝ ਕੇ ਉਸ ਨਾਲ ਸਖ਼ਤੀ ਕਰਾਂ । ਮੇਰਾ ਕੰਮ ਇਹ ਹੈ ਕਿ ਮੈਂ ਸਬਰ ਦਾ ਦਿਖਾਵਾ ਕਰਾਂ ਅਤੇ ਉਸ ਲਈ ਰੋ ਰੋ ਕੇ ਦੁਆਵਾਂ ਕਰਾਂ ਕਿ ਇਹ ਰੂਹਾਨੀ ਤੌਰ'ਤੇ ਰੋਗੀ ਹੈ ਅਲੱਾਹ ਤਆਲਾ ਇਸ ਦਾ ਸੁਧਾਰ ਕਰੇ । ਸੋ, ਇਹ ਉਹ ਮਿਆਰ ਹੈ ਜਿਸ ਦਾ ਅਲੱਾਹ ਤਆਲਾ ਨੇ ਧਰਮ ਵਿੱਚ ਕੁਰਆਨ ਵਿੱਚ ਹੁਕਮ ਦਿੱਤਾ ਹੈ ਕਿ (رحماء بينهم) ਰੁਹੁਮਾਉ ਬੈਨਾਹੁਮ ਕਿ ਮੋਮਨ ਆਪੋ ਵਿੱਚ ਰਹਿਮ ਦੀਆਂ ਭਾਵਨਾਵਾਂ ਰਖੱਦੇ ਹਨ ਅਤੇ ਰਹਿਮ ਦੀਆ ਭਾਵਨਾਵਾਂ ਕਰਕੇ ਇਕ ਦੂਜੇ ਦੇ ਕਸ਼ਟਾਂ ਨੂੰ ਅਨੁਭਵ ਕਰਦੇ ਹਨ ਅਤੇ ਪੀੜਾ ਅਨੁਭਵ ਕਰਕੇ ਉਸ ਲਈ ਕਰਮ ਰੂਪੀ ਜਤਨ ਵੀ ਕਰਦੇ ਹਨ ਅਤੇ ਦੁਆਵਾਂ ਵੀ ਕਰਦੇ ਹਨ । ਇਸ ਲਈ ਸਾਨੂੰ ਜਾਇਜ਼ਾ ਲੈਣ ਦੀ ਲੋੜ ਹੈ ਕਿ ਅਸੀਂ ਕਿੰਨ੍ਹੇ ਹਾਂ ਜੋ ਇਹ ਮਿਆਰ ਪ੍ਰਾਪਤ ਕਰਨ ਦਾ ਜਤਨ ਕਰਦੇ ਹਾਂ ਜੇਕਰ ਅਸੀਂ ਇਸ ਉਪੱਰ ਅਮਲ ਕਰਨ ਲਗ ਜਾਈਏ ਤਾਂ ਜਿੰਨ੍ਹੇ ਵੀ ਛੋਟੇ ਵੱਡੇ ਸਾਡੇ ਝਗੜੇ ਹਨ ਸਾਰੇ ਦੂਰ ਹੋ ਜਾਣ । ਅਸੀਂ ਖ਼ੁਸ਼ ਕਿਸਮਤ ਹਾਂ ਕਿ ਸਾਨੂੰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਰਾਹੀਂ ਪੈਰ੍ਹ ਪੈਰ੍ਹ'ਤੇ ਰਹਿਨੁਮਾਈ ਮਿਲਦੀ ਹੈ । ਇਸਲਾਮ ਦੀ ਸਚੱਾਈ ਅਤੇ ਸੰਜਮਤਾ ਦਾ ਪਤਾ ਲਗ ਜਾਂਦਾ ਹੈ । ਉਹਨਾਂ ਵਿਖਰੇ ਹੋਏ ਮੁਸਲਮਾਨਾ ਵਾਂਗ ਨਹੀ ਹਨ ਜਿੰਨ੍ਹਾ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਿਸਦੇ ਮਗਰ ਚੱਲਣ ਅਤੇ ਕਿਸਦੇ ਮਗਰ ਨ ਚਲੱਣ । ਜਿੰਨ੍ਹਾ ਦੀ ਗ਼ਲਤ ਰਹਿਨੁਮਾਈ ਕਰਕੇ ਨਾਮ ਨਿਹਾਦ ਲੀਡਰਾਂ ਅਤੇ ਧਾਰਮਕ ਰਹਿਨੁਮਾਵਾਂ ਨੇ ਇਕ ਦੂਜੇ ਦਾ ਰਕਤ ਵਹਾਉਣ ਉਪੱਰ ਲਾ ਦਿਤੱਾ ਹੋਇਆ ਹੈ । ਇਸ ਲਈ ਇਹਨਾਂ ਲੋਕਾਂ ਲਈ ਵੀ ਦੁਆਵਾਂ ਕਰੋ ਕਿ ਅਲੱਾਹ ਤਆਲਾ ਇਹਨਾਂ ਨੂੰ ਸੋਝੀ ਪ੍ਰਦਾਨ ਕਰੇ ਅਤੇ ਇਹ ਆਪਣੀਆਂ ਹਰਕਤਾਂ ਕਰਕੇ ਰੱਬ ਦੇ ਪ੍ਰਕੋਪ ਦੇ ਭਾਗੀ ਨ ਬਨਣ । ਇਸਲਾਮ ਦਾ ਗ਼ਲਤ ਦ੍ਰਿਸ਼ਟੀਕੋਣ ਦੁਨੀਆ ਸਾਹਮਣੇ ਰੱਖ ਕੇ ਇਸਲਾਮ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਬਦਨਾਮ ਕਰਨ ਦੇ ਜਤਨ ਕਰਨ ਵਾਲੇ ਨ ਬਨਣ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਤਾਂ ਆਪਣੇ ਮੰਨ੍ਹਣ ਵਾਲਿਆਂ ਦੀ ਸ਼ਲਾਘਾ ਇਹਨਾਂ ਸ਼ਬਦਾਂ ਵਿੱਚ ਫ਼ਰਮਾਉਂਦੇ ਹਨ ਕਿ ਸੱਚਾ ਮੁਸਲਮਾਨ ਉਹ ਹੈ ਜਿਸ ਦੀ ਬੋਲੀ ਅਤੇ ਹੱਥਾਂ ਤੋਂ ਹਰ ਮੁਸਲਮਾਨ ਅਤੇ ਹਰ ਸਲਾਮਤੀ ਦੇਣ ਵਾਲਾ ਬਿਨਾਂ ਕਿਸੇ ਮਤਿਭੇਦ ਦੇ ਸੁਰੱਖਿਅਤ ਰਹੇ ਅਤੇ ਫ਼ਿਰ  ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਸਾਨੂੰ ਖੋਲ ਕੇ ਦੱਸ ਦਿੱਤਾ ਕਿ ਸੱਚਾ ਮੋਮਨ ਨ ਕੇਵਲ ਆਪਣੇ ਸਗੋਂ ਹਰ ਦੂਸਰੇ ਧਰਮ ਨੂੰ ਮਨ੍ਹਣ ਵਾਲੇ, ਸੱਚੇ ਮੁਸਲਮਾਨ ਤੋਂ ਨ ਕੇਵਲ ਆਪਣੇ ਸਗੋਂ ਦੂਸਰੇ ਧਰਮ ਦੇ ਮਨ੍ਹਣ ਵਾਲੇ ਵੀ ਅਮਨ ਤੇ ਸਲਾਮਤੀ ਵਿੱਚ ਰਹਿੰਦੇ ਹਨ । ਕੁਰਆਨ ਕਰੀਮ ਨੇ ਜਿੰਨ੍ਹਾ ਉੱਚੇ ਆਚਰਣਾ ਦਾ ਵਰਨਣ ਕੀਤਾ ਹੈ ਉਹਨਾਂ ਵਿੱਚੋਂ ਕੁਝ ਇਕ ਮੈਂ ਇੱਥੇ ਬਿਆਨ ਕਰਦਾ ਹਾਂ। ਫ਼ਰਮਾਇਆ, ਪਹਿਲੀ ਗੱਲ ਇਹ ਕਿ ਤੁਹਾਡੇ ਵਿੱਚ ਉੱਚੇ ਅਖ਼ਲਾਕ ਕਿਉਂ ਹੋਣੇ ਚਾਹੀਦੇ ਹਨ।ਫ਼ਰਮਾਇਆ : (كُنْتُمْ خَيْرَ أُمَّةٍ أُخْرِجَتْ لِلنَّاسِ تَأْمُرُونَ بِالْمَعْرُوفِ وَتَنْهَوْنَ عَنِ الْمُنْكَرِ (آل عمران 111) ਕੁੰਤੁਮ ਖ਼ੈਰਾ ਉਮੱਤਿਨ ਉਖ਼ਰਿਜਤ ਲਿਨੱਾਸਿ ਤਾਮੁਰੂਨਾ ਬਿਲ ਮਾਰੂਫ਼ਿ ਵ ਤਨਹੌਨਾ ਅਨਿਲ ਮੁਨਕਰਿ । ਕਿ ਤੁਸੀਂ ਸਭ ਤੋਂ ਬਿਹਤਰ ਜਮਾਤ ਹੋ ਜਿਸ ਨੂੰ ਲੋਕਾਂ ਦੇ ਲਾਭ ਲਈ ਪੈਦਾ ਕੀਤਾ ਗਿਆ ਹੈ । ਤੁਸੀਂ ਨੇਕੀ ਦੇ ਉਪਦੇਸ਼ ਦਿੰਦੇ ਹੋ ਅਤੇ ਬਦੀ ਤੋਂ ਰੋਕਦੇ ਹੋ । ਸੋ, ਇਕ ਮੋਮਨ ਦੀ ਨਿਸ਼ਾਨੀ ਤਾਂ ਉਮੱਤੇ ਮੁਸਲਿਮਾ ਦਾ ਵਿਅਕਤੀ ਹੋਣ ਦੀ ਨਿਸ਼ਾਨੀ ਇਹ ਹੈ ਕਿ ਨੇਕੀਆਂ ਦੀ ਸੀਖ ਦੇਣ ਵਾਲੇ ਅਤੇ ਬਦੀ ਤੋਂ ਰੋਕਣ ਵਾਲੇ ਹੋਣ । ਦੂਜਿਆਂ ਨੂੰ ਲਾਭ ਪਹੁੰਚਾਉਣ ਵਾਲੇ ਹੋਣ ਅਤੇ ਹਾਨੀ ਤੋਂ ਬਚਾਉਣ ਵਾਲੇ ਹੋਣ । ਬੀਤੇ ਦਿਨੀ ਇਕ ਸਰਵੇ ਹੋਇਆ ਕਿ ਦੁਨੀਆ ਵਿੱਚ ਸਦਕਾ, ਖ਼ੈਰਾਤ ਅਤੇ ਚੈਰਿਟੀ ਦੇਣ ਵਾਲੇ ਕੌਣ ਲੋਕ ਹਨ । ਵੱਖ ਵੱਖ ਧਰਮਾ ਦੇ ਮੰਨ੍ਹਣ ਵਾਲਿਆ ਦੇ ਆਪੋ ਵਿੱਚ ਤੁਲਨਾ ਵਿੱਚ ਵੀ ਇਹ ਗੱਲ ਪਤਾ ਲੱਗੀ ਕਿ ਮੁਸਲਮਾਨ ਸਦਕਾ ਤੇ ਖ਼ੈਰਾਤ ਦੂਜਿਆਂ ਤੋਂ ਅਧਿਕ ਕਰਦੇ ਹਨ । ਇਹ ਨੇਕੀ ਹੈ ਮੁਸਲਮਾਨਾਂ ਵਿੱਚ ਖ਼ੈਰਾਤ ਦੇ ਹੁਕਮ ਕਰਕੇ । ਰੱਬ ਕਰੇ ਕਿ ਇਹ ਲੋਕ ਬਾਕੀ ਦੀਆਂ ਨੇਕੀਆਂ ਵੀ ਅਪਨਾਉਣ ਵਾਲੇ ਬਣ ਜਾਣ ।

ਫਿਰ ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਦੂਜਿਆਂ ਨੂੰ ਆਪਣੇ ਨਫ਼ਸ ਉਪੱਰ ਪਹਿਲ ਦਿਓ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਜਲਸੇ ਦਾ ਇਕ ਉਦੇਸ਼ ਇਹ ਵੀ ਹੈ ਕਿ ਜੱਦ ਇਕ ਥਾਂ ਅਸੰਖ ਲੋਕ ਇਕਤੱਰ ਹੋਣ ਤਾਂ ਕਈ ਲੋੜਾਂ ਪੈਦਾ ਹੋ ਜਾਂਦੀਆਂ ਹਨ । ਅਜਿਹੇ ਸਮੇਂ ਇਕ ਸੱਚੇ ਅਹਮਦੀ ਦਾ ਇਹ ਕੰਮ ਹੈ ਕਿ ਆਪਣੀਆਂ ਲੋੜਾਂ ਨੂੰ ਦੂਜਿਆਂ ਲਈ ਕੁਰਬਾਨ ਕਰੇ ਅਤੇ ਪਿਆਰ ਤੇ ਸਨੇਹ ਦੀ ਉਧਾਰਣ ਬਣੇ । ਨ ਕੇਵਲ ਕੁਰਬਾਨ ਕਰੇ ਸਗੋਂ ਇਸ ਨਮੂਨੇ ਵਿੱਚ ਸਨੇਹ ਤੇ ਮੁਹਬੱਤ ਵੀ ਵਹਿ ਰਿਹਾ ਹੋਵੇ । ਫਿਰ ਅਲੱਾਹ ਤਆਲਾ ਨੂੰ ਨਿਮਰਤਾ ਬਹੁਤ ਪਸੰਦ ਹੈ, ਇਕ ਮੋਮਨ ਨੂੰ ਨਿਮਰਤਾ ਦੀ ਸੀਖ ਦਿੱਤੀ ਗਈ ਹੈ । ਅਨੇਕਾਂ ਹੀ ਮਸਲੇ ਸਮਾਜ ਵਿੱਚ ਇਸ ਲਈ ਪੈਦਾ ਹੁੰਦੇ ਹਨ ਅਤੇ ਜੱਦ ਬਹੁਤੇ ਲੋਕ ਇਕ ਥਾਂ ਇਕੱਤਰ ਹੋਣ ਤਾਂ ਕਈ ਵਾਰ ਪੈਦਾ ਹੋ ਜਾਂਦੇ ਹਨ ਕਿ ਅਹੰਕਾਰ ਇਹਨਾਂ ਮਸਲਿਆਂ ਨੂੰ ਹਲ ਕਰਨ ਤੋਂ ਰੋਕ ਰਿਹਾ ਹੁੰਦਾ ਹੈ । ਇਕ ਅਹਮਦੀ ਨੂੰ ਤਾਂ ਵਿਸ਼ੇਸ਼ ਤੋਰ'ਤੇ ਨਿਮਰਤਾ ਧਾਰਨ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ । ਕਿਉਂਕਿ ਅਲੱਾਹ ਤਆਲਾ ਨੇ ਹਜ਼ਰਤ ਮਸੀਹ ਮਊਦ ਅਲੈਹਿ ਨਲਾਮ ਦੇ ਇਸ ਗੁਣ ਨੂੰ ਬਹੁਤ ਸਰਾਹਿਆ ਹੈ ਅਤੇ ਫ਼ਰਮਾਇਆ ਕਿ ਤੇਰੀਆਂ ਆਜਜ਼ਾਨਾ ਰਾਹਾਂ (ਨਿਮਰਤਾ ਭਰੇ ਮਾਰਗ) ਉਸਨੂੰ ਪਸੰਦ ਆਈਆਂ । ਇਸ ਲਈ ਜੱਦ ਅਸੀਂ ਆਪਣੇ ਆਪਨੂੰ ਆਪ ਵੱਲ ਮਿੱਥੇ ਜਾਣ ਦਾ ਦਾਵਾ ਕਰਦੇ ਹਾਂ ਤਾਂ ਇਹਨਾਂ ਗੁਣਾ ਨੂੰ ਅਪਨਾਉਣ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ । ਇਸੇ ਪ੍ਰਕਾਰ ਨੇਕ ਗੁਮਾਨੀ ਹੈ ਸਚੱਾਈ ਹੈ ਸਚੱਾਈ ਦਾ ਪ੍ਰਗਟਾਵਾ ਹੈ ਅਤੇ ਹਰ ਅਵਸਥਾ ਵਿੱਚ ਸਚੱਾਈ ਦਾ ਪ੍ਰਗਟਾਵਾ ਜ਼ਰੂਰੀ ਹੈ ਸਗੋਂ ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਸਚੱਾਈ ਦਾ ਅਜਿਹਾ ਮਿਆਰ ਹੋਵੇ ਅਤੇ ਨਿਆਏ ਦਾ ਅਜਿਹਾ ਮਿਆਰ ਹੋਵੇ ਕਿ ਜੇਕਰ ਆਪਣੇ ਵਿਰੁਧ ਜਾਂ ਆਪਣੇ ਪਿਆਰੇ ਦੇ ਵਿਰੁਧ ਵੀ ਗੱਲ ਕਰਨੀ ਹੋਵੇ ਤਾਂ ਸਚੱਾਈ ਨੂੰ ਕਦੇ ਵੀ ਆਪੇ ਹੱਥਾਂ 'ਚੋਂ ਨ ਛੱਡੋ । ਮੁਆਫ਼ ਕਰਨਾ ਹੈ ਸਬਰ ਕਰਨਾ ਹੈ ਇਹ ਹਰ ਪ੍ਰਕਾਰ ਦੀਆਂ ਨੇਕੀਆਂ ਹਨ ਜੋ ਸਾਨੂੰ ਅਪਨਾਉਣ ਦੇ ਜਤਨ ਕਰਨੇ ਚਾਹੀਦੇ ਹਨ । ਇਹਨਾਂ ਦਾ ਪ੍ਰਗਟਾਵਾ ਅਜਿਹਿਆਂ ਮੌਕਿਆਂ ਉਪੱਰ ਹੀ ਹੁੰਦਾ ਹੈ ਜੱਦ ਬਹੁਤ ਸਾਰੇ ਲੋਕ ਇਕਤੱਰ ਹੋਣ ਅਤੇ ਕੁਝ ਅਜਿਹੀਆਂ ਗੱਲਾਂ ਹੋ ਜਾਣ ਜਿਸ ਦੇ ਸਬਬ ਮਨੁੱਖ ਦੇ ਅਖ਼ਲਾਕ ਦਾ ਪਤਾ ਲਗਦਾ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਆਪਣੇ ਮਨ੍ਹਣ ਵਾਲਿਆਂ ਨੂੰ ਕੁਰਆਨ ਕਰੀਮ ਦੀ ਸਿੱਖਿਆ ਦੇ ਚਾਨ੍ਹਣੇ ਵਿੱਚ ਵਿਸ਼ੇਸ਼ ਤੋਰ'ਤੇ ਇਹਨਾ ਗੱਲਾਂ ਨੂੰ ਅਪਨਾਉਣ ਦਾ ਆਦੇਸ਼ ਫ਼ਰਮਾਇਆ ਹੈ । ਫਿਰ ਨਿਆ ਅਤੇ ਉਪਕਾਰ ਦੇ ਮਿਆਰ ਹਾਸਲ ਕਰਨ ਵੱਲ ਧਿਆਨ ਖਿੱਚਿਆ ਹੈ । ਨਿਆ ਅਤੇ ਉਪਕਾਰ ਦੇ ਮਿਆਰ ਜਿਵੇਂ ਕੁਰਆਨ ਕਰੀਮ ਨੇ ਕਾਇਮ ਕੀਤੇ ਹਨ, ਕਿਸੇ ਹੋਰ ਕਿਤਾਬ ਨੇ ਅਜਿਹੇ ਮਿਆਰ ਨਹੀਂ ਦੱਸੇ ਕਿ ਦੁਸ਼ਮਣ ਦੀ ਦੁਸ਼ਮਣੀ ਵੀ ਤੁਹਾਨੂੰ ਅਦਲ ਤੇ ਨਿਆ ਕਰਨ ਤੋਂ ਨ ਰੋਕੇ । ਇਹ ਹਨ ਉਹ ਮਿਆਰ ਜੋ ਇਸਲਾਮ ਦਾ ਖ਼ਾਸਾ ਹੈ ਅਤੇ ਇਕ ਮੁਸਲਮਾਨ ਦਾ ਖ਼ਾਸਾ ਹੈ ਅਤੇ ਹੋਣ ਚਾਹੀਦਾ ਹੈ । ਇਹਨਾਂ ਸਾਰੀਆਂ ਨੇਕੀਆਂ ਨੂੰ ਅਪਨਾਉਣ ਦਾ ਸਨੂੰ ਹੁਕਮ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਹੁਦੇ ਹਨ ਕਿ ਜਲਸੇ ਵਿੱਚ ਬਹੁਤ ਸਾਰੇ ਲੋਕ ਆਉਂਦੇ ਹਨ ਇਸ ਲਈ ਉਹ ਉੱਚੇ ਅਖ਼ਲਾਕ ਦਾ ਪ੍ਰਗਟਾਵਾ ਕਰਨ ਅਤੇ ਚੰਗੇ ਅਖ਼ਲਾਕ ਦਾ ਪਤਾ ਵੀ ਉਦੋਂ ਹੀ ਲਗਦਾ ਹੈ ਜੱਦ ਇਹ ਪ੍ਰਗਟ ਹੋ ਰਿਹਾ ਹੋਵੇ, ਜੱਦ ਲੋਕ ਇਕੱਤਰ ਹੋਣ । ਜੇਕਰ ਅਖ਼ਲਾਕ ਦੇ ਉੱਚੇ ਮਿਆਰ ਦਾ ਪ੍ਰਗਟਾਵਾ ਹੋ ਰਿਹਾ ਹੋਵੇ ਤਾਂ ਇਸਲਾਮ ਦੀ ਸੁੰਦਰ ਸਿੱਖਿਆ ਪੇਸ਼ ਕਰਨ ਵਾਲੇ ਬਣ ਜਾਂਦੇ ਹਨ । ਇਹੋ ਨਮੂਨੇ ਹਨ ਜੋ ਅਹਮਦੀਅਤ ਦੇ ਪ੍ਰਚਾਰ ਦਾ ਸਬਬ ਬਣਦੇ ਹਨ ਅਤੇ ਅਖ਼ਲਾਕ ਦੇ ਨਮੂਨੇ ਦਿਖਾਉਂਣਾ ਹੀ ਇਕ ਅਹਮਦੀ ਦਾ ਵਿਸ਼ੇਸ਼ ਖ਼ਾਸਾ ਹੈ ਅਤੇ ਹੋਣਾ ਚਾਹੀਦਾ ਹੈ । ਅਨੇਕਾਂ ਲੋਕ ਇਹਨਾਂ ਉਚੇ ਆਚਰਣਾ ਨੂੰ ਦੇਖ ਕੇ ਹੀ ਜਮਾਤ ਵੱਲ ਆਕ੍ਰਸ਼ਤ ਹੁੰਦੇ ਹਨ । ਆਪ ਵਿੱਚੋਂ ਵੀ ਕਈ ਹੋਣਗੇ ਜਿੰਨ੍ਹਾ ਦੇ ਵਡੇਰੇ ਜਲਸੇ ਦੀਆਂ ਬਰਕਤਾਂ ਕਰਕੇ ਜਮਾਤ ਵਿੱਚ ਸ਼ਾਮਲ ਹੋਏ ਹੋਣਗੇ । ਅਜੇ ਦੋ ਮਹੀਨੇ ਪਹਿਲਾਂ ਜਰਮਨੀ ਵਿੱਚ ਵੀ ਜਲਸਾ ਹੋਇਆ ਇਸ ਵਿੱਚ ਇਕ ਗ਼ੈਰ ਮੁਸਲਿਮ ਜੋੜਾ ਪਤੀ ਪਤਨੀ ਗਵਾਂਢੀ ਦੇਸ਼ ਵਿੱਚੋਂ ਆਏ ਹੋਏ ਸਨ ਜੋ ਇਸਲਾਮ ਵਿਰੋਧੀ ਵੀ ਸਨ ਜਾਂ ਘੱਟੋ ਘੱਟ ਉਹਨਾਂ ਉਪੱਰ ਇਸਲਾਮ ਦਾ ਚੰਗਾ ਪ੍ਰਭਾਵ ਨਹੀਂ ਸੀ । ਅਹਮਦੀਆਂ ਨਾਲ ਕੁਝ ਵਾਕਫ਼ੀ ਸੀ । ਉਹਨਾਂ ਨੇ ਵਿਚਾਰਿਆ ਕਿ ਜਾਕੇ ਦੇਖਦੇ ਹਾਂ ਕਿ ਅਹਮਦੀ ਬਹੁਤ ਰੌਲਾ ਪਾਉਦੇ ਹਨ ਕਿ ਇਸਲਾਮ ਬਹੁਤ ਅਮਨ ਪਸੰਦ ਤੇ ਸਲਾਮਤੀ ਵਾਲਾ ਧਰਮ ਹੈ । ਦੇਖਦੇ ਹਾਂ ਕਿ ਇਸ ਵਿੱਚ ਸਚੱਾਈ ਕੀ ਹੈ । ਉਹਨਾਂ ਦੀ ਬਹੁਤੀ ਇਹੋ ਨੀਯਤ ਸੀ ਕਿ ਜਾਕੇ ਇਤਰਾਜ਼ ਕਰਾਂਗੇ ਅਤੇ ਕੋਈ ਪ੍ਰਭਾਵ ਨਹੀਂ ਲਵਾਂਗੇ । ਪਰ ਜਲਸੇ ਦਾ ਵਾਤਾਵਰਣ ਦੇਖ ਕੇ, ਉਸ ਤੋਂ ਬਾਦ ਭੇਂਟ ਵੀ ਹੋਈ । ਉਹਨਾਂ ਦੀ ਅਜਿਹੀ ਕਾਇਆ ਪਲਟੀ ਕਿ ਉਹਨਾਂ ਨੇ ਬੈਅਤ ਕਰ ਲਈ । ਕਈ ਅਜਿਹੇ ਵੀ ਹੁੰਦੇ ਹਨ ਜੋ ਕਹਿੰਦੇ ਹਨ ਕਿ ਜੱਦ ਬੈਅਤ ਲਈ ਜਾ ਰਹੀ ਹੁੰਦੀ ਹੈ ਤਾਂ ਬੈਅਤ ਦਾ ਦ੍ਰਿਸ਼ ਅਜਿਹੀ ਅਵਸਥ ਪੈਦਾ ਕਰ ਦਿੰਦਾ ਹੈ ਕਿ ਬਿਨਾ ਇਰਾਦੇ ਦੇ ਨ

ਚਾਹੁੰਦਿਆਂ ਹੋਇਆਂ ਵੀ ਅਸੀਂ ਬੈਅਤ ਵਿੱਚ ਸ਼ਾਮਲ ਹੋ ਜਾਂਦੇ ਹਾਂ । ਜੇਕਰ ਸਾਡੇ ਨਮੂਨੇ ਵੱਖ ਵੱਖ ਹੋਣ ਜਾਂ ਸਾਡੇ ਵਿੱਚੋਂ ਬਹੁਤਿਆਂ ਦੇ ਨਮੂਨੇ ਵੱਖਰੇ ਵੱਖਰੇ ਹੋਣ ਤਾਂ ਵਕਤੀ ਬੈਅਤ ਦਾ ਦ੍ਰਿਸ਼ ਲੋਕਾਂ ਨੂੰ ਪ੍ਰਭਾਵਤ ਨਹੀਂ ਕਰ ਸਕਦਾ । ਜਾਂ ਕਿਸੇ ਵੀ ਪ੍ਰਕਾਰ ਦੀ ਨੇਕੀ ਦਾ ਆਰਜ਼ੀ ਦ੍ਰਿਸ਼ ਉਹ ਅਵਸਥਾ ਪੈਦਾ ਨਹੀਂ ਕਰ ਸਕਦਾ ਜੋ ਦਿਲ ਨੂੰ ਧੂਹ ਲੈਣ ਵਾਲੀ ਹੋਵੇ । ਇਸ ਲਈ ਜਲਸੇ ਵਿੱਚ ਭਾਗ ਲੈਣ ਵਾਲਾ ਹਰ ਮਨੁੱਖ ਗੁੰਮ ਪ੍ਰਚਾਰ ਕਰ ਰਿਹਾ ਹੁੰਦਾ ਹੈ । ਬੀਤੇ ਜੁੰਮੇ ਮੈਂ ਕਾਰਕੁਨਾਂ (ਸੇਵਕਾਂ, ਵਰਕਰਾਂ) ਦੇ ਹਵਾਲੇ ਨਾਲ ਗੱਲ ਕੀਤੀ ਸੀ ਕਿ ਉਹਨਾਂ ਦੇ ਅਮਲ (ਕਰਮ ਰੂਪੀ ਕਾਰਜ) ਮੌਨ ਪ੍ਰਚਾਰ ਪ੍ਰਮਾਣਤ ਹੋ ਰਹੇ ਹੁੰਦੇ ਹਨ । ਪਰ ਇਹ ਕੇਵਲ ਸੇਵਕ ਨਹੀਂ, ਜਲਸੇ ਵਿੱਚ ਸ਼ਾਮਲ ਹੋਣ ਵਾਲਾ ਹਰ ਇਕ ਮਨੁੱਖ ਪ੍ਰਚਾਰਕ ਹੁੰਦਾ ਹੈ, ਦੂਜਿਆਂ ਨੂੰ ਪ੍ਰਭਾਵਤ ਕਰ ਰਿਹਾ ਹੁੰਦਾ ਹੈ । ਇਸ ਲਈ ਸ਼ਾਮਲ ਹੋਣ ਵਾਲੇ ਹਰ ਪੁਰਸ਼ ਇਸਤਰੀ ਛੋਟੇ ਵੱਡੇ ਦਾ ਫ਼ਰਜ਼ ਹੈ ਕਿ ਆਪਣੇ ਨਮੂਨੇ ਅਜਿਹੇ ਬਣਾਉਂਣ ਕਿ ਧਿਆਨ ਖਿੱਚ ਲੈਣ ਵਾਲੇ ਹੋਣ ਅਤੇ ਇਹ ਨਮੂਨੇ ਆਰਜ਼ੀ ਨ ਹੋਣ ਸਗੋਂ ਆਣੀਆਂ ਹਾਲਤਾਂ ਵਿੱਚ ਅਜਿਹੀ ਪੱਕੀ ਤਬਦੀਲੀ ਪੈਦਾ ਕਰਨ ਦੇ ਜਤਨ ਕਰਦੇ ਰਹਿਣਾ ਚਾਹੀਦਾ ਹੈ ਜੋ ਸਾਨੂੰ ਸੱਚਾ ਮੁਸਲਮਾਨ ਬਣਾਏ । ਇਸ ਲਈ ਸਾਡੇ ਵਿੱਚੋਂ ਹਰ ਇਕ ਨੂੰ ਆਪਣੀ ਮਹਤੱਾ ਤੇ ਜ਼ਿੰਮੇਦਾਰੀ ਦਾ ਅਹਿਸਾਸ ਪੈਦਾ ਕਰਨ ਦੀ ਲੋੜ ਹੈ ਤਾਂ ਜੋ ਅਸੀਂ ਜਲਸੇ ਤੋਂ ਹਕੀਕੀ ਲਾਭ ਉਠਾ ਸਕੀਏ । ਉੱਚੇ ਅਖ਼ਲਾਕ ਦੇ ਪ੍ਰਗਟਾਵੇ ਬਾਰੇ ਇਕ ਮੁਸਲਮਾਨ ਨੂੰ ਇਹ ਵੀ ਹੁਕੁਮ ਹੈ ਕਿ ਸਲਾਮਤੀ ਦਾ ਸੰਦੇਸ਼ ਪਹੁੰਚਾਏ । ਹਜ਼ਰਤ ਮੁਹੰਮਦ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ تقرءوالسلام علی من عرفت ومن لم تعرف ਕਿ ਹਰ ਉਸ ਵਿਅਕਤੀ ਨੂੰ ਜਿਸਨੂੰ ਤੁਸੀਂ ਜਾਣਦੇ ਹੋ ਜਾਂ ਨਹੀਂ ਜਾਣਦੇ ਹੋ ਸਲਾਮ ਕਰੋ । ਇਹ ਇਕ ਅਜਿਹਾ ਹੁਕੁਮ ਹੈ ਅਤੇ ਨੁਸਖ਼ਾ ਹੈ ਕਿ ਜੇਕਰ ਇਸ'ਤੇ ਇਸ ਦੀ ਰੂਹ ਨੂੰ ਸਮਝਦੇ ਹੋਏ ਅਮਲ ਕੀਤਾ ਜਾਵੇ ਤਾਂ ਦੁਨੀਆ ਦੇ ਫ਼ਸਾਦਾਂ ਦਾ ਖ਼ਾਤਮਾ ਹੋ ਸਕਦਾ ਹੈ । ਜੱਦ ਇਕ ਦੂਜੇ ਨੂੰ ਸਲਾਮਤੀ ਦੀਆਂ ਦੁਆਵਾਂ ਮਨੁੱਖ ਦੇ ਰਿਹਾ ਹੋਵੇ ਤਾਂ ਪ੍ਰਸ਼ਨ ਹੀ ਨਹੀਂ ਪੈਦਾ ਹੁੰਦਾ ਕਿ ਦਿਲ ਵਿੱਚ ਕੀਨਾ, ਸਾੜਾ, ਘ੍ਰਿਣਾ ਜਾਂ ਹੰਕਾਰ ਦੀਆਂ ਭਾਵਨਾਵਾਂ ਉਠੱਣ, ਸ਼ਰਤ ਇਹ ਹੈ ਕਿ ਆਵਾਜ਼ ਦਿਲ ਵਿੱਚੋਂ ਨਿਕਲ ਰਹੀ ਹੋਵੇ । ਜੇਕਰ ਇਹ ਬੁਰਾਈਆਂ ਨ ਹੋਣ ਤਾਂ ਫਿਰ ਇਸ ਗੱਲ ਦਾ ਵੀ ਪ੍ਰਸ਼ਨ ਨਹੀਂ ਕਿ ਸਮਾਜ ਵਿੱਚ ਕਿਸੇ ਪ੍ਰਕਾਰ ਦਾ ਫ਼ਸਾਦ ਹੋਵੇ । ਇਸ ਲਈ ਸਲਾਮਤੀ ਦੇ ਇਸ ਸੰਦੇਸ਼ ਨੂੰ ਬਹੁਤ ਵਿਸਥਾਰ ਦੇਣ ਦੀ ਲੋੜ ਹੈ । ਵਿਸਥਾਰ ਇਸਲਾਮ ਨੇ ਦੇ ਦਿੱਤਾ ਕਿ ਕੇਵਲ ਆਪਣੇ ਜਾਨਣ ਵਾਲਿਆਂ ਲਈ ਇਹ ਸੰਦੇਸ਼ ਨਹੀਂ ਹੈ ਸਗੋਂ ਹਰ ਇਕ ਨੂੰ ਇਹ ਸੰਦੇਸ਼ ਦਿਓ । ਇਸ ਲਈ ਜਲਸੇ ਉਪੱਰ ਆਉਣ ਵਾਲੇ ਹਰ ਇਕ ਮਨੁੱਖ ਨੂੰ ਜਿੱਥੇ ਇਸ ਗੱਲ ਦੀ ਪਾਬੰਦੀ ਵੀ ਕਰਨੀ ਚਾਹੀਦੀ ਹੈ ਇਹ ਜਤਨ ਕਰਨਾ ਚਾਹੀਦਾ ਹੈ ਕਿ ਇਸ ਵਾਤਾਵਰਣ ਵਿੱਚ ਇਕ ਦੂਜੇ ਉਪੱਰ ਐਨ੍ਹੀ ਸਲਾਮਤੀ ਬਿਖੇਰਨੀ ਹੈ ਕਿ ਪੂਰਾ ਵਾਤਾਵਰਣ ਸਲਾਮਤੀ ਵਾਲਾ ਬਣ ਜਾਵੇ ਅਤੇ ਅਸੀਂ ਰੱਬ ਦੀਆਂ ਮਿਹਰਾਂ ਤੇ ਸਲਾਮਤੀ ਪ੍ਰਾਪਤ ਕਰਨ ਵਾਲੇ ਬਣ ਜਾਈਏ । ਕੁਝ ਪ੍ਰਬੰਧਕੀ ਗੱਲਾਂ ਵੀ ਮੈਂ ਇੱਥੇ ਵਰਨਣ ਕਰਨਾ ਚਾਹੁੰਦਾ ਹਾਂ, ਬੇਸ਼ਕ ਇਸ ਤੋਂ ਪਹਿਲਾਂ ਵੀ ਮੈਂ ਕਈ ਵਾਰ ਧਿਆਨ ਦੁਆ ਚੁਕਿਆ ਹਾਂ ਪਰ ਫਿਰ ਵੀ ਚੇਤੇ ਕਰਾਉਂਣ ਲਈ ਕਹਿਣਾ ਚਾਹੁੰਦਾ ਹਾਂ, ਵਿਸ਼ੇਸ਼ ਤੋਰ'ਤੇ ਉਹ ਲੋਕ ਜਿੰਨ੍ਹਾ ਨਾਲ ਬੱਚੇ ਵੀ ਹੁੰਦੇ ਹਨ । ਛੋਟੇ ਬੱਚੇ ਆਮ ਤੋਰ'ਤੇ ਮਾਂਵਾਂ ਨਾਲ ਹੁੰਦੇ ਹਨ । ਅੱਠ ਨੌ ਸਾਲ ਦੇ ਜੋ ਬੱਚੇ ਹੁੰਦੇ ਹਨ ਉਹ ਪੁਰਸ਼ਾਂ ਨਾਲ ਹੁੰਦੇ ਹਨ । ਐਨ੍ਹੇ ਛੋਟੇ ਨਹੀਂ ਹੁੰਦੇ ਕਿ ਉਹਨਾਂ ਨੂੰ ਬਹਿਲਾਉਂਣ ਲਈ ਪੁਰਸ਼ ਬਾਹਰ ਨਿਕਲ ਜਾਣ ਅਤੇ ਉਹਨਾਂ ਨੂੰ ਜਲਸੇ ਦੀ ਕਾਰਵਾਈ ਦੌਰਾਨ ਖੇਡਣ ਦੀ ਆਗਿਆ ਦੇ ਦੇਣ । ਇਸ ਪ੍ਰਕਾਰ ਤਾਂ ਬੱਚਿਆਂ ਵਿੱਚ ਕਦੇ ਵੀ ਜਲਸੇ ਦਾ ਸਨਮਾਨ ਪੈਦਾ ਨਹੀਂ ਹੋਵੇਗਾ । ਸੱਤ ਸਾਲ ਮਗਰੋਂ ਨਮਾਜ਼ ਦੀ ਸੀਖ ਦਾ ਉਪਦੇਸ਼ ਇਸ ਲਈ ਹੈ ਕਿ ਬੱਚਾ ਹੋਸ਼ ਵਿੱਚ ਹੁੰਦਾ ਹੈ । ਇਸ ਲਈ ਉਸ ਨੂੰ ਦੱਸਣਾ ਹੁੰਦਾ ਹੈ ਕਿ ਤੁਸੀਂ ਇਕ ਉਦੇਸ਼ ਲਈ ਪੈਦਾ ਹੋਏ ਹੋ, ਹੁਣ ਤੋਂ ਹੀ ਸਿੱਖੋ । ਜੇਕਰ ਬਚਪਨ ਤੋਂ ਹੀ ਟ੍ਰੇਨਿੰਗ ਨਹੀਂ ਦਿਆਂਗੇ ਤਾਂ ਵੱਡੇ ਹੋਕੇ ਵੀ ਜਲਸੇ ਦਾ ਸਨਮਾਨ ਕਾਇਮ ਨਹੀਂ ਰਹੇਗਾ । ਹੁੰਦਾ ਇਹ ਹੈ ਕਿ ਉਨ੍ਹਾ ਬੱਚਿਆਂ ਦਾ ਬਹਾਨਾ ਬਣਾ ਕੇ ਬਾਪ ਵੀ ਬਾਹਰ ਫਿਰਦੇ ਰਹਿੰਦੇ ਹਨ । ਫਿਰ ਸ਼ਿਕਾਇਤਾਂ ਆਉਂਦੀਆਂ ਹਨ, ਬੱਚੇ ਖੇਡ ਰਹੇ ਹੁੰਦੇ ਹਨ ਅਤੇ ਜਲਸੇ ਦਾ ਗ਼ਲਤ ਪ੍ਰਭਾਵ ਪੈ ਰਿਹਾ ਹੁੰਦਾ ਹੈ । ਇਸੇ ਪ੍ਰਕਾਰ ਇਸਤਰੀਆਂ ਵੀ ਜਲਸੇ ਦੀ ਕਾਰਵਾਈ ਸੁਨਣ ਦੀ ਥਾਂ ਸ਼ਿਕਾਇਤ ਹੁੰਦੀ ਹੈ ਕਿ ਬਾਹਰ ਬਹਿ ਕੇ ਗੱਲਾਂ ਕਰਦੀਆਂ ਰਹਿੰਦੀਆਂ ਹਨ । ਉਹਨਾਂ ਨੂੰ ਵੀ ਚਾਹੀਦਾ ਹੈ ਕਿ ਜਲਸੇ ਦੇ ਭਾਸ਼ਣ ਸੁਨਣ ਕਿਉਂਕਿ ਹਰ ਭਾਸ਼ਣ ਹੀ ਜੋ ਭਾਸ਼ਣ ਕਰਤਾ ਭਾਸ਼ਣ ਦਿੰਦਾ ਹੈ, ਉਸ ਦਾ ਭਾਸ਼ਣ ਗਿਆਨ ਅਤੇ ਆਤਮਕਤਾ ਵਧਾਉਣ ਵਿੱਚ ਸਹਾਇਕ ਹੁੰਦਾ ਹੈ । ਕੋਈ ਅਹਮਦੀ ਭਾਸ਼ਣ ਕਰਤਾ ਕੁਰਆਨ, ਹਦੀਸ ਅਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਕਲਾਮ ਤੋਂ ਬਾਹਰ ਕੋਈ ਗੱਲ ਨਹੀਂ ਕਰਦਾ ਅਤੇ ਇਹੋ ਅੱਜ ਸਮੇਂ ਦੀ ਲੋੜ ਹੈ । ਇਸ ਲਈ ਇਸ ਗੱਲ ਦੀ ਮਹਤੱਾ ਨੂੰ ਸਮਝਦਿਆਂ

ਹੋਇਆਂ ਕੇਵਲ ਜਲਸੇ ਦੀ ਹਾਜ਼ਰੀ ਨੂੰ ਨ ਵਧਾਓ ਸਗੋਂ ਅੰਦਰ ਬਹਿਕੇ ਸੁਣਕੇ ਜਲਸੇ ਦਾ ਉਚਿਤ ਲਾਭ ਉਠਾਓ । ਸੋ, ਇਹ ਵੀ ਨਹੀਂ ਆਖਣਾ ਚਾਹੀਦਾ, ਕਈ ਕਹਿ ਦਿੰਦੇ ਹਨ ਕਿ ਫ਼ਲਾਣੇ ਦਾ ਭਾਸ਼ਣ ਸੁਣਾਗੇ ਤੇ ਫ਼ਲਾਣੇ ਦਾ ਨਹੀਂ ਜਾਂ ਪਹਿਲਾਂ ਅਸੀਂ ਸੁਣ ਲਈ ਹੈ । ਇਹ ਸਾਰੀਆਂ ਗੱਲਾਂ ਗ਼ਲਤ ਹਨ । ਹਰ ਭਾਸ਼ਨ ਕਰਤਾ ਤਿਆਰੀ ਕਰਕੇ ਆਉਂਦਾ ਹੈ, ਉਹਨਾਂ ਦੇ ਭਾਸ਼ਣਾ ਨੂੰ ਸੁਨਣਾ ਚਾਹੀਦਾ ਹੈ । ਜਲਸੇ’ਤੇ ਆਏ ਹੋ ਤਾਂ ਜਲਸੇ ਦੀ ਪੂਰੀ ਕਾਰਵਾਈ ਸੁਨਣ ਦਾ ਜਤਨ ਕਰਨਾ ਚਾਹੀਦਾ ਹੈ । ਛੋਟੇ ਬੱਚਿਆਂ ਦੀਆਂ ਮਾਵਾਂ ਲਈ ਵੱਖਰੀ ਮਾਰਕੀ (ਪੰਡਾਲ) ਹੈ, ਓਥੋਂ ਵੀ ਸ਼ਿਕਾਇਤ ਆਉਂਦੀ ਹੈ ਕਿ ਬੱਚਿਆਂ ਦਾ ਸ਼ੋਰ ਘੱਟ ਹੁੰਦਾ ਹੈ ਅਤੇ ਬੱਚਿਆਂ ਦੇ ਸ਼ੋਰ ਦੇ ਬਹਾਨੇ ਇਸਤਰੀਆ ਆਪੋ ਵਿੱਚ ਬਹੁਤੀਆਂ ਗੱਲਾਂ ਕਰ ਰਹੀਆਂ ਹੁੰਦੀਆਂ ਹਨ । ਇਸ ਲਈ ਇਸ ਵੱਲ ਵੀ ਧਿਆਨ ਦੇਣ ਦੀ ਲੋੜ ਹੈ । ਲਜਨਾ ਦੀ ਪ੍ਰਬੰਧਕੀ ਕਮੇਟੀ ਨੂੰ ਵੀ ਅਤੇ ਇਸਤਰੀਆਂ ਨੂੰ ਆਪ ਵੀ ਧਿਆਨ ਦੇਣ ਦੀ ਲੋੜ ਹੈ । ਜੇਕਰ ਇਸਤਰੀਆਂ ਆਪ ਚੁੱਪ ਹੋ ਜਾਣ ਤਾਂ ਜੋ ਕੇਵਲ ਬੱਚਿਆ ਦਾ ਸ਼ੋਰ ਹੁੰਦਾ ਹੈ ਉਸ ਵਿੱਚ ਘੱਟੋ ਘੱਟ ਅਜਿਹੀਆਂ ਅਨੇਕਾਂ ਇਸਤਰੀਆਂ ਹੁੰਦੀਆਂ ਹਨ ਜਿੰਨ੍ਹਾ ਦੇ ਕੰਨ੍ਹਾ ਵਿੱਚ ਕੁਝ ਨ ਕੁਝ ਭਾਸ਼ਣਾ ਦੀ ਆਵਾਜ਼ ਪੈ ਰਹੀ ਹੁੰਦੀ ਹੈ ਅਤੇ ਕੁਝ ਨ ਕੁਝ ਉਹਨਾਂ ਲਈ ਲਾਹੇਵੰਦ ਹੋ ਜਾਂਦਾ ਹੈ । ਸੋ, ਧਿਆਨ ਦੇਣ ਦੀ ਲੋੜ ਹੈ । ਕਾਰਕੁਨਾਂ (ਸੇਵਕਾਂ) ਨੂੰ ਮੈਂ ਫਿਰ ਚੇਤੇ ਕਰਾਉਂਣਾ ਚਾਹੁੰਦਾ ਹਾਂ ਕਿ ਜਿਵੇਂ ਕਿ ਮੈਂ ਪਹਿਲਾਂ ਕਹਿ ਚੁਕਾ ਹਾਂ । ਆਪਣੀਆਂ ਡੀਊਟੀਆਂ ਨੂੰ ਉਚਿਤ ਢੰਗ ਨਾਲ ਨੇਪਰੇ ਚਾੜ੍ਹਨ ਦੇ ਪੂਰੇ ਜਤਨ ਕਰਨ । ਕਿਸੇ ਵੀ ਗੱਲ ਨੂੰ ਮਮੂਲੀ ਨ ਸਮਝਣ, ਕਿਸੇ ਵੀ ਕੰਮ ਨੂੰ ਮਮੂਲੀ ਨ ਸਮਝਣ । ਸਿਕਓਰਟੀ ਵਾਲਿਆਂ ਲਈ ਵੀ ਜਿੱਥੇ ਖਿੜੇ ਮੱਥੇ ਤੇ ਉੱਚੇ ਆਚਰਣ ਦੀ ਗੱਲ ਹੈ ਓਥੇ ਡੂੰਘੀ ਨਜ਼ਰ ਦੀ ਵੀ ਲੋੜ ਹੈ । ਹਰ ਚੀਜ਼ ਉਪੱਰ ਗਹਿਰੀ ਨਜ਼ਰ ਰੱਖਣ ਦੀ ਲੋੜ ਹੈ । ਕਿਸੇ ਵੀ ਗੱਲ ਨੂੰ ਮਮੂਲੀ ਨ ਸਮਝਣ ਅਤੇ ਸਿਕਓਰਟੀ ਦੇ ਸੇਵਕਾਂ ਤੋਂ ਬਿਨਾਂ ਵੀ ਦੂਜੇ ਵਰਕਰ ਵੀ ਹੁਸ਼ਿਆਰੀ ਨਾਲ ਚਾਰੇ ਪਾਸੇ ਧਿਆਨ ਰੱਖਣ । ਇਸੇ ਪ੍ਰਕਾਰ ਸਾਰੇ ਭਾਗ ਲੈਣ ਵਾਲੇ ਵੀ, ਹਰ ਅਹਮਦੀ ਸਿਕਓਰਟੀ ਹੈ, ਹਰ ਅਹਮਦੀ ਦਾ ਫ਼ਰਜ਼ ਹੈ ਕਿ ਆਪਣੇ ਵਾਤਾਵਰਣ ਉਪੱਰ ਨਜ਼ਰ ਰੱਖਣ ਅਤੇ ਕੋਈ ਵੀ ਅਜਿਹੀ ਧਿਆਨ ਦੇਣ ਯੋਗ ਗੱਲ ਦੇਖਣ ਤਾਂ ਝੱਟ ਪ੍ਰਬੰਧਕਾਂ ਦੇ ਧਿਆਨ’ਚ ਲਿਆਉਣ । ਫਿਰ ਜਿੱਥੇ ਰਸ਼ ਦੇ ਸਮੇਂ ਹੁੰਦੇ ਹਨ, ਦਾਖ਼ਲੇ ਸਮੇਂ ਜਾਂ ਬਾਹਰ ਨਿਕਲਦੇ ਸਮੇਂ ਕਈ ਵਾਰ ਓਥੇ ਵੱਡੇ ਠਰ੍ਹਮੇ ਤੇ ਹੌਂਸਲੇ ਦਾ ਪ੍ਰਗਟਾਵਾ ਕਰਨ ਦੀ ਲੋੜ ਹੁੰਦੀ ਹੈ । ਇਸੇ ਪ੍ਰਕਾਰ ਸਿਕਓਰਟੀ ਦਾ ਰਸ਼ ਸਮੇਂ, ਸਿਕਓਰਟੀ ਕਾਂਸ਼ੰਸ ਵੀ ਹੋਣ ਦੀ ਲੋੜ ਹੈ । ਅਜਿਹੇ ਸਮਿਆਂ ’ਤੇ ਹੀ ਕਈ ਵਾਰ ਘਟਨਾ ਵਾਪਰ ਜਾਂਦੀ ਹੈ । ਇਸ ਲਈ ਬਹੁਤ ਸਾਵਧਾਨੀ ਵਰਤਨ ਦੀ ਲੋੜ ਹੈ । ਫਿਰ ਸ਼ਾਮਲ ਹੋਣ ਵਾਲੇ ਜੋ ਡਿਊਟੀ ਦੇ ਵਰਕਰ ਹਨ, ਉਹਨਾਂ ਦੀ ਜੋ ਹਿਦਾਇਤ ਹੈ ਉਸਨੂੰ ਬਿਨਾ ਬੁਰਾ ਮੰਨਿਆ ਮਨ੍ਹਣ, ਫਿਰ ਭਾਵੇਂ ਇਸਦੇ ਕਿ ਹਿਦਾਇਤ ਦੇਣ ਵਾਲਾ ਬੱਚਾ ਹੈ ਜਾਂ ਵੱਡਾ । ਜੇਕਰ ਉਹ ਆਪਣੀ ਡਿਊਟੀ ਪੂਰੀ ਕਰ ਰਿਹਾ ਹੈ ਉਸ ਨੂੰ ਮਹਤੱਾ ਦੇਣ ਅਤੇ ਉਸ ਦੀ ਗੱਲ ਮਨ੍ਹਣ । ਜੋ ਪ੍ਰੋਗ੍ਰਾਮ ਪ੍ਰਕਾਸ਼ਤ ਹੋਇਆ ਹੈ ਉਸ ਵਿੱਚ ਸਾਰੀਆਂ ਹਿਦਾਇਤਾਂ ਦਰਜ ਵੀ ਹਨ । ਘੱਟੋ ਘੱਟ ਬਹੁਤ ਸਾਰੀਆਂ ਹਿਦਾਇਤਾਂ ਦਰਜ ਹਨ । ਇਸ ਲਈ ਉਹਨਾਂ ਨੂੰ ਪੜ੍ਹੋ ਅਤੇ ਉਹਨਾਂ ‘ਤੇ ਅਮਲ ਕਰਨ ਦਾ ਜਤਨ ਕਰੋ ।

ਫਿਰ ਇਕ ਸ਼ਿਕਾਇਤ ਕਈ ਵਾਰ ਇਹ ਵੀ ਆ ਜਾਂਦੀ ਹੈ ਕਿ ਬਜਾਏ ਇਸ ਦੇ ਕਿ ਜਲਸੇ ਦੇ ਬਾਦ ਵਰਨਣ ਕੀਤੀ ਜਾਵੇ ਪਹਿਲਾਂ ਹੀ ਜ਼ਰੂਰੀ ਹੈ ਕਿ ਆਪਣੇ ਕਾਰਡਾਂ ਦੀ ਰੱਖਿਆ ਅਤੇ ਉਸ ਦੀ ਉਚਿਤ ਵਰਤੋਂ ਹਰ ਇਕ ਦਾ ਫ਼ਰਜ਼ ਹੈ । ਇਹ ਨਹੀਂ ਕਿ ਕੋਈ ਵਾਕਫ਼ਕਾਰ ਹੈ ਉਸਨੂੰ ਆਪਣਾ ਕਾਰਡ ਦੇ ਦਿੱਤਾ । ਜਿਸ ਜਿਸ ਥਾਂ ਬੈਠਣ ਜਾਂ ਜਾਣ ਲਈ ਉਸਦੇ ਕਾਰਡ ਦੀ access ਹੈ ਓਥੇ ਹੀ ਵਰਤੋਂ ਹੋ ਸਕਦੀ ਹੈ ਅਤੇ ਉਸੇ ਵਿਅਕਤੀ ਲਈ ਵਰਤਿਆ ਜਾ ਸਕਦਾ ਹੈ । ਇਸ ਲਈ ਆਪਣੇ ਕਾਰਡ ਕਿਸੇ ਵੀ ਆਪਣੇ ਮਿਤੱਰ ਜਾਂ ਵਾਕਫ਼ਕਾਰ ਜਾਂ ਕਰੀਬੀ ਨੂੰ ਨਹੀਂ ਦੇਣੇ । ਜੋ ਜਿਸਦਾ ਕਾਰਡ ਹੈ ਉਹੋ ਉਸਨੂੰ ਵਰਤੇ । ਸਭ ਤੋਂ ਵੱਧ ਕੇ ਇਹ ਦੁਆ ਕਰਨੀ ਹੈ ਕਿ ਅਲੱਾਹ ਤਆਲਾ ਇਸ ਜਲਸੇ ਨੂੰ ਹਰ ਪੱਖੋਂ ਬਰਕਤਾਂ ਭਰਪੂਰ ਬਣਾਏ ਅਤੇ ਜਿਸ ਦੀ ਜਿੰਨ੍ਹੀ ਜਿੰਨ੍ਹੀ ਸ਼ਕਤੀ ਹੈ ਉਹ ਪ੍ਰਤੀ ਦਿਨ ਸਦਕਾ ਵੀ ਦੇ ਸਕਦਾ ਹੈ ਸਗੋਂ ਦੇਣਾ ਚਾਹੀਦਾ ਹੈ ਅਤੇ ਦੇਵੇ । ਅਲੱਾਹ ਤਆਲਾ ਹਰ ਪੱਖੋਂ ਇਸ ਜਲਸੇ ਨੂੰ ਬਰਕਤਾਂ ਭਰਪੂਰ ਬਣਾਏ ਅਤੇ ਅਸੀਂ ਸਾਰੀਆਂ ਬਰਕਤਾਂ ਇਕਤੱਰ ਕਰਨ ਵਾਲੇ ਵੀ ਬਣੀਏ । ਆਮੀਨ ।

Khulasa Khutba Juma Hazoor Anwar 29 August 2014
Published By : Nazarat Nashro ishaat Qadian